ਵਰਗੀਕਰਨ: ਅਧਿਕਾਰਕ

ਪ੍ਰਕਾਸ਼ਨ ਦੀ ਮਨਜ਼ੂਰੀ ਦਾ ਹਵਾਲਾ: PAR1381

NHS

# ਐੱਨ.ਐੱਚ.ਐੱਸ. (NHS) ਨਿਰੰਤਰ ਸਿਹਤ-ਸੰਭਾਲ (ਕੰਟੀਨਿਊਇੰਗ ਹੈਲਥਕੇਅਰ): ਸੁਤੰਤਰ ਸਮੀਖਿਆ ਪ੍ਰਕਿਰਿਆ

## ਜਨਤਕ ਜਾਣਕਾਰੀ ਬਾਰੇ ਗਾਈਡ

ਸੰਸਕਰਣ 2, 1 ਜੂਨ 2022

# ਵਿਸ਼ਾ-ਸਮੱਗਰੀ

ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਕੀ ਹੈ? .......... 2
ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਯੋਗਤਾ ਦੇ ਫੈਸਲਿਆਂ ਲਈ ਜ਼ਿੰਮੇਵਾਰੀ .......... 2
ਸੁਤੰਤਰ ਸਮੀਖਿਆ.......... 2
ਜੇਕਰ ਤੁਸੀਂ ਇੱਕ ਆਈ.ਆਰ. ਦੀ ਬੇਨਤੀ ਕਰਨ ਦਾ ਫੈਸਲਾ ਕਰਦੇ ਹੋ ਤਾਂ ਕੀ ਉਮੀਦ ਕਰਨੀ ਹੈ .......... 3
ਇੱਕ ਆਈ.ਆਰ. ਲਈ ਬੇਨਤੀ ਕਰਨੀ ਅਤੇ ਇੱਕ ਅਰਜ਼ੀ ਫਾਰਮ ਭਰਨਾ .......... 4
ਦਰਖ਼ਾਸਤ ਫਾਰਮ ਨੂੰ ਭਰਨ ਵੇਲੇ ਕਿਸ ਗੱਲ ਵੱਲ ਧਿਆਨ ਕੇਂਦਰਿਤ ਕਰਨਾ ਹੈ.......... 4
ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣਾ.......... 6
ਤੁਹਾਡੀ ਅਰਜ਼ੀ ਦੀ ਸਮੀਖਿਆ ਕਰਨੀ.......... 6
ਇੱਕ ਆਈ.ਆਰ. ਪੈਨਲ ਲਈ ਪ੍ਰਬੰਧ.......... 7
ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਕੌਣ ਯੋਗਤਾ ਪੂਰੀ ਕਰਦਾ ਹੈ .......... 10
ਮੁੱਖ ਵਿਚਾਰਾਂ ਦਾ ਸਾਰ ਜੋ ਅਸੀਂ ਇਹ ਫੈਸਲਾ ਕਰਨ ਲਈ ਵਰਤਦੇ ਹਾਂ ਕਿ ਕੀ ਕਿਸੇ ਦੀ 'ਮੁਢਲੀ ਸਿਹਤ ਲੋੜ' ਹੈ .......... 10
ਤੁਹਾਡੇ ਨਿੱਜੀ ਡੇਟਾ ਦਾ ਕੀ ਹੁੰਦਾ ਹੈ? .......... 12

ਇਹ ਗਾਈਡ ਆਮ ਲੋਕਾਂ ਨੂੰ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਦੀ ਸੁਤੰਤਰ ਸਮੀਖਿਆ ਪ੍ਰਕਿਰਿਆ ਦੀ ਸੰਖੇਪ ਜਾਣਕਾਰੀ ਦੇਣ ਲਈ ਤਿਆਰ ਕੀਤੀ ਗਈ ਹੈ।

## ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਕੀ ਹੈ?

ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਉਨ੍ਹਾਂ  ਲੋਕਾਂ ਲਈ, ਜਿਨ੍ਹਾਂ ਦਾ ਮੁਲਾਂਕਣ 'ਮੁਢਲੀ ਸਿਹਤ ਦੀ ਲੋੜ' ਦੇ ਰੂਪ ਵਿੱਚ ਕੀਤਾ ਜਾਂਦਾ ਹੈ, ਸਿਰਫ਼ ਐੱਨ.ਐੱਚ.ਐੱਸ. ਦੁਆਰਾ ਪ੍ਰਬੰਧਿਤ ਅਤੇ ਫੰਡ ਕੀਤੇ ਗਏ ਦੇਖਭਾਲ ਦੇ ਇੱਕ ਚੱਲ ਰਹੇ ਪੈਕੇਜ ਨੂੰ ਦਿੱਤਾ ਗਿਆ ਨਾਮ ਹੈ। ਜੇਕਰ ਯੋਗਤਾ ਪਾਈ ਜਾਂਦੀ ਹੈ, ਤਾਂ ਤੁਹਾਡੀ ਦੇਖਭਾਲ ਦਾ ਪੈਕੇਜ ਅਕਸਰ ਤੁਹਾਡੇ ਆਪਣੇ ਘਰ ਜਾਂ ਕੇਅਰ ਹੋਮ ਵਿੱਚ ਮੁਹੱਈਆ ਕੀਤਾ ਜਾਂਦਾ ਹੈ।

ਤੁਹਾਡੀ ਸਥਾਨਕ ਸਿਹਤ ਸੰਭਾਲ ਦੀ ਯੋਜਨਾ ਅਤੇ ਖਰੀਦ ਲਈ ਜ਼ਿੰਮੇਵਾਰ ਇੰਟੇਗ੍ਰੇਟਡ ਕੇਅਰ ਬੋਰਡ (ਆਈ.ਸੀ.ਬੀ.) ਇਹ ਫੈਸਲਾ ਕਰਦਾ ਹੈ ਕਿ ਕੀ ਤੁਸੀਂ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ ਜਾਂ ਨਹੀਂ।

ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਅਤੇ ਐੱਨ.ਐੱਚ.ਐੱਸ. ਦੀ ਫੰਡ ਪ੍ਰਾਪਤ ਨਰਸਿੰਗ ਕੇਅਰ (ਨੈਸ਼ਨਲ ਫਰੇਮਵਰਕ) ਲਈ ਨੈਸ਼ਨਲ ਫਰੇਮਵਰਕ ਇਹ ਮੁਲਾਂਕਣ ਕਰਨ ਲਈ ਸਿਧਾਂਤਾਂ ਅਤੇ ਪ੍ਰਕਿਰਿਆ ਬਾਰੇ ਦੱਸਦਾ ਹੈ ਕਿ ਕੀ ਕੋਈ ਵਿਅਕਤੀ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦਾ ਹੈ ਅਤੇ ਫੈਸਲੇ ਨੂੰ ਚੁਣੌਤੀ ਦੇਣ ਬਾਰੇ ਦੱਸਦਾ ਹੈ।

## ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਯੋਗਤਾ ਦੇ ਫੈਸਲਿਆਂ ਲਈ ਜ਼ਿੰਮੇਵਾਰੀ

ਜੇਕਰ ਤੁਸੀਂ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਆਪਣੀ ਯੋਗਤਾ ਦੇ ਫੈਸਲੇ ਤੋਂ ਅਸੰਤੁਸ਼ਟ ਹੋ, ਤਾਂ ਤੁਸੀਂ (ਜਾਂ ਤੁਹਾਡਾ ਪ੍ਰਤੀਨਿਧੀ) ਆਈ.ਸੀ.ਬੀ. ਨੂੰ ਇਸ ਦੀ ਸਥਾਨਕ ਨਿਪਟਾਰੇ ਦੀ ਕਾਰਜ-ਪ੍ਰਕਿਰਿਆ ਦੀ ਵਰਤੋਂ ਕਰਕੇ ਫੈਸਲੇ ਦੀ ਸਮੀਖਿਆ ਕਰਨ ਲਈ ਕਹਿ ਸਕਦੇ ਹੋ।

## ਸੁਤੰਤਰ ਸਮੀਖਿਆ

ਜੇਕਰ ਆਈ.ਸੀ.ਬੀ. ਦੇ ਸਥਾਨਕ ਨਿਪਟਾਰੇ ਰਾਹੀਂ ਮਾਮਲੇ ਨੂੰ ਹੱਲ ਕਰਨਾ ਸੰਭਵ ਨਹੀਂ ਹੈ, ਤਾਂ ਤੁਸੀਂ ਸੁਤੰਤਰ ਸਮੀਖਿਆ (ਆਈ.ਆਰ.) ਦੀ ਬੇਨਤੀ ਕਰਨ ਲਈ ਸਾਨੂੰ (ਐੱਨ.ਐੱਚ.ਐੱਸ. ਇੰਗਲੈਂਡ ਨੂੰ) ਅਰਜ਼ੀ ਦੇ ਸਕਦੇ ਹੋ।

**ਆਈ.ਆਰ. ਪ੍ਰਕਿਰਿਆ ਕੀ ਨਹੀਂ ਕਰ ਸਕਦੀ**

ਪ੍ਰਕਿਰਿਆ ਇਨ੍ਹਾਂ ਬਾਰੇ ਵਿਚਾਰ ਨਹੀਂ ਕਰ ਸਕਦੀ:

- ਯੋਗਤਾ ਦੇ ਮਾਪਦੰਡ ਦੀ ਵਿਸ਼ਾ-ਸਮੱਗਰੀ ਬਾਰੇ
- ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਪੈਕੇਜ ਦੀ ਕਿਸੇ ਵੀ ਪੇਸ਼ਕਸ਼ ਦੀ ਕਿਸਮ ਅਤੇ ਸਥਾਨ ਬਾਰੇ
- ਤੁਹਾਨੂੰ ਪੇਸ਼ ਕੀਤੇ ਗਏ ਕਿਸੇ ਵੀ ਵਿਕਲਪਿਕ ਦੇਖਭਾਲ ਪੈਕੇਜਾਂ ਦੇ ਅੰਸ਼ ਬਾਰੇ
- ਇਲਾਜ ਜਾਂ ਸੇਵਾਵਾਂ ਬਾਰੇ, ਜੋ ਹੋ ਸਕਦਾ ਹੈ ਕਿ ਤੁਸੀਂ ਪ੍ਰਾਪਤ ਕਰ ਰਹੇ ਹੋ ਜਾਂ ਪ੍ਰਾਪਤ ਕੀਤੀਆਂ ਹਨ
- ਨਾਕਾਰਾਤਮਕ ਚੈੱਕਲਿਸਟ ਤੋਂ ਬਾਅਦ ਮੁਕੰਮਲ ਮੁਲਾਂਕਣ ਲਈ ਬੇਨਤੀ ਬਾਰੇ ਵਿਚਾਰ ਕਰਨ ਸਬੰਧੀ ਇੰਟੇਗ੍ਰੇਟਡ ਕੇਅਰ ਬੋਰਡ (ਆਈ.ਸੀ.ਬੀ.) ਦੇ ਇਨਕਾਰ ਬਾਰੇ
- ਕਿਸੇ ਵੀ ਨਿਵਾਰਨ ਭੁਗਤਾਨ ਦੇ ਹਿਸਾਬ ਬਾਰੇ।

ਇਨ੍ਹਾਂ ਮੁੱਦਿਆਂ ਨੂੰ ਉਠਾਉਣ ਲਈ ਤੁਹਾਨੂੰ ਐੱਨ.ਐੱਚ.ਐੱਸ. ਦੀ ਸ਼ਿਕਾਇਤਾਂ ਸਬੰਧੀ ਕਾਰਜ-ਪ੍ਰਕਿਰਿਆ ਦੀ ਵਰਤੋਂ ਕਰਨੀ ਚਾਹੀਦੀ ਹੈ।

## ਜੇਕਰ ਤੁਸੀਂ ਇੱਕ ਆਈ.ਆਰ. ਦੀ ਬੇਨਤੀ ਕਰਨ ਦਾ ਫੈਸਲਾ ਕਰਦੇ ਹੋ ਤਾਂ ਕੀ ਉਮੀਦ ਕਰਨੀ ਹੈ

ਪ੍ਰਕਿਰਿਆ ਦੇ ਕਈ ਪੜਾਅ ਹਨ:

- ਤੁਸੀਂ ਇੱਕ ਅਰਜ਼ੀ ਫਾਰਮ ਦੀ ਬੇਨਤੀ ਕਰਦੇ ਹੋ, ਭਰਦੇ ਹੋ ਅਤੇ ਇਸ ਨੂੰ ਵਾਪਸ ਕਰਦੇ ਹੋ।
- ਅਸੀਂ ਤੁਹਾਡੀ ਅਰਜ਼ੀ ਦੀ ਸਮੀਖਿਆ ਕਰਦੇ ਹਾਂ। ਆਈ.ਆਰ. ਪੈਨਲ ਦਾ ਪ੍ਰਬੰਧ ਕਰਨ ਜਾਂ ਨਾ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ ਅਸੀਂ ਤੁਹਾਡੇ ਕੇਸ ਨੂੰ 'ਵਿਚਾਰ ਪ੍ਰਕਿਰਿਆ' (ਹੇਠਾਂ ਵਰਣਨ ਕੀਤਾ ਗਿਆ) ਲਈ ਨਿਰਧਾਰਤ ਕਰ ਸਕਦੇ ਹਾਂ।
- ਅਸੀਂ ਤੁਹਾਨੂੰ ਆਪਣੇ ਫੈਸਲੇ ਬਾਰੇ ਦੱਸਣ ਲਈ ਲਿਖਦੇ ਹਾਂ।
- ਜੇਕਰ ਅਸੀਂ ਇੱਕ ਪੈਨਲ ਲਈ ਸਹਿਮਤ ਹੁੰਦੇ ਹਾਂ, ਤਾਂ ਅਸੀਂ ਪੈਨਲ ਨੂੰ ਮਿਲਣ ਲਈ ਇੱਕ ਮਿਤੀ ਦਾ ਪ੍ਰਸਤਾਵ ਦੇਵਾਂਗੇ ਅਤੇ ਜੇਕਰ ਤੁਸੀਂ ਚਾਹੋ ਤਾਂ ਤੁਹਾਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਵਾਂਗੇ।
- ਆਈ.ਆਰ. ਪੈਨਲ ਮੁਲਾਕਾਤ ਕਰਦਾ ਹੈ ਅਤੇ ਤੁਹਾਡੀ ਯੋਗਤਾ ਬਾਰੇ ਆਪਣੀ ਸਿਫ਼ਾਰਸ਼ ਕਰਦਾ ਹੈ।

- ਅਸੀਂ ਤੁਹਾਨੂੰ ਅਤੇ ਆਈ.ਸੀ.ਬੀ. ਨੂੰ ਫੈਸਲੇ ਬਾਰੇ ਸੂਚਿਤ ਕਰਦੇ ਹਾਂ ਅਤੇ ਜੇਕਰ ਤੁਸੀਂ ਨਤੀਜੇ ਨਾਲ ਅਸਹਿਮਤ ਹੋ ਤਾਂ ਤੁਹਾਡੇ ਵਿਕਲਪਾਂ ਦੀ ਵਿਆਖਿਆ ਕਰਦੇ ਹਾਂ।

## ਇੱਕ ਆਈ.ਆਰ. ਲਈ ਬੇਨਤੀ ਕਰਨੀ ਅਤੇ ਇੱਕ ਅਰਜ਼ੀ ਫਾਰਮ ਭਰਨਾ

ਜੇਕਰ ਤੁਸੀਂ ਸਥਾਨਕ ਨਿਪਟਾਰੇ ਵਾਲੀ ਮੀਟਿੰਗ ਤੋਂ ਬਾਅਦ ਆਈ.ਸੀ.ਬੀ. ਦੇ ਫੈਸਲੇ ਤੋਂ ਅਸੰਤੁਸ਼ਟ ਰਹਿੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ ’ਤੇ ਸਾਡਾ 'ਸੁਤੰਤਰ ਸਮੀਖਿਆ ਲਈ ਅਰਜ਼ੀ' ਫਾਰਮ ਭਰਨਾ ਚਾਹੀਦਾ ਹੈ। ਇਸ ਦੀ ਬੇਨਤੀ ਕਰਨ ਲਈ, ਆਈ.ਸੀ.ਬੀ. ਦੇ ਸਥਾਨਕ ਨਿਪਟਾਰੇ ਵਾਲੇ ਫੈਸਲੇ ਦੇ ਪੱਤਰ ਵਿੱਚ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ। ਤੁਹਾਨੂੰ ਛੇ ਹਫ਼ਤਿਆਂ ਦੇ ਅੰਦਰ ਫਾਰਮ ਵਾਪਸ ਕਰਨ ਦੀ ਲੋੜ ਹੋਵੇਗੀ ਤਾਂ ਜੋ ਅਸੀਂ ਤੁਹਾਡੀ ਅਰਜ਼ੀ ਨੂੰ ਅੱਗੇ ਵਧਾ ਸਕੀਏ।

ਜੇਕਰ ਤੁਹਾਨੂੰ ਦਰਖ਼ਾਸਤ ਫਾਰਮ ਭਰਨ ਲਈ ਸਹਾਇਤਾ ਦੀ ਲੋੜ ਹੈ, ਤਾਂ ਮਹਿਜ਼ ਸਾਡੀ ਟੀਮ ਦੇ ਮੈਂਬਰ ਤੋਂ ਪੁੱਛੋ।

ਅਸੀਂ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਅਸੀਂ ਬਹੁਤ ਵੱਡੀ ਗਿਣਤੀ ਵਿੱਚ ਕੇਸਾਂ ਨਾਲ ਨਜਿੱਠ ਰਹੇ ਹੁੰਦੇ ਹਾਂ ਅਤੇ ਇਹ ਯਕੀਨੀ ਬਣਾਉਣ ਲਈ ਸਮਾਂ ਲੱਗਦਾ ਹੈ ਕਿ ਸਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੋਵੇ।

## ਦਰਖ਼ਾਸਤ ਫਾਰਮ ਨੂੰ ਭਰਨ ਵੇਲੇ ਕਿਸ ਗੱਲ ਵੱਲ ਧਿਆਨ ਕੇਂਦਰਿਤ ਕਰਨਾ ਹੈ

ਅਸੀਂ ਸ਼ੁਰੂਆਤੀ ਯੋਗਤਾ ਫੈਸਲੇ ਨਾਲ ਅਸਹਿਮਤ ਹੋਣ ਦੇ ਤੁਹਾਡੇ ਮੁੱਖ ਕਾਰਨਾਂ ਨੂੰ ਜਾਣਨਾ ਚਾਹਾਂਗੇ। ਤੁਹਾਨੂੰ ਇਸ ਗਾਈਡ ਦੇ ਪਿਛਲੇ ਪਾਸੇ 'ਮੁੱਖ ਸੋਚ-ਵਿਚਾਰ' ਭਾਗ ਨੂੰ ਪੜ੍ਹਨਾ ਅਤੇ ਫਾਰਮ ਨੂੰ ਭਰਦੇ ਸਮੇਂ ਹੇਠ ਲਿਖੀਆਂ ਗੱਲਾਂ 'ਤੇ ਵਿਚਾਰ ਕਰਨਾ ਮਦਦਗਾਰ ਲੱਗ ਸਕਦਾ ਹੈ:

ਜੇ ਤੁਹਾਨੂੰ ਲੱਗਦਾ ਕਿ ਆਈ.ਸੀ.ਬੀ. ਨੇ ਤੁਹਾਡੀਆਂ ਲੋੜਾਂ ਦੀ ਹੱਦ ਦਾ ਸਹੀ ਢੰਗ ਨਾਲ ਮੁਲਾਂਕਣ ਨਹੀਂ ਕੀਤਾ, ਤਾਂ ਸਬੰਧਤ ਜ਼ਰੂਰਤਾਂ ਦੀ ਕਿਸਮ ਅਤੇ ਇਸ ਬਾਰੇ ਦੱਸੋ ਕਿ ਮੁਲਾਂਕਣ ਦੇ ਸਮੇਂ ਤੁਹਾਨੂੰ ਕਿਹੜੀ ਦੇਖਭਾਲ ਦੀ ਲੋੜ ਸੀ।

- ਜਿੰਨਾ ਤੁਸੀਂ ਹੋ ਸਕਦੇ ਹੋ ਓਨੇ ਨਿਸ਼ਚਿਤ/ਸਪਸ਼ਟ ਬਣੋ – ਇਸ ਨਾਲ ਸਾਨੂੰ ਕਾਫੀ ਸਹਾਇਤਾ ਮਿਲਦੀ ਹੈ ਜੇਕਰ ਤੁਸੀਂ ਕਹਿੰਦੇ ਹੋ ਕਿ ਕੋਈ ਸਮੱਸਿਆ 'ਆਮ ਤੌਰ 'ਤੇ ਦਿਨ ਵਿੱਚ ਦੋ ਜਾਂ ਤਿੰਨ ਵਾਰ' ਹੋਈ ਸੀ, ਬਜਾਏ ਇਸ ਦੇ ਕਿ ਤੁਸੀਂ ਕਹਿੰਦੇ ਹੋ ਕਿ ਇਹ 'ਬਹੁਤ ਵਾਰ' ਹੋਈ ਸੀ
- ਸਾਨੂੰ ਕਿਸੇ ਵੀ ਅਜਿਹੀ ਗੱਲ ਬਾਰੇ ਦੱਸੋ ਜਿਸ ਨੇ ਦੇਖਭਾਲ ਨੂੰ ਵਧੇਰੇ ਗੁੰਝਲਦਾਰ ਬਣਾਇਆ ਸੀ।
- ਸਾਨੂੰ ਦੱਸੋ ਕਿ ਕੀ ਤੁਹਾਡੀਆਂ ਲੋੜਾਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ ਅਤੇ ਕੀ ਉਨ੍ਹਾਂ ਵਿੱਚ ਉਤਰਾਅ-ਚੜ੍ਹਾਅ ਆਇਆ ਸੀ।
- ਤੁਹਾਡੀਆਂ ਮਾਨਸਿਕ ਅਤੇ ਭਾਵਨਾਤਮਕ ਲੋੜਾਂ ਸਰੀਰਕ ਲੋੜਾਂ ਜਿੰਨੀਆਂ ਹੀ ਮਹੱਤਵਪੂਰਨ ਹਨ।

ਤੁਸੀਂ ਆਈ.ਆਰ. ਪ੍ਰਕਿਰਿਆ ਲਈ ਨਵੇਂ ਸਬੂਤ ਤਾਂ ਹੀ ਪੇਸ਼ ਕਰ ਸਕਦੇ ਹੋ ਜੇਕਰ ਤੁਹਾਡਾ ਮੁਲਾਂਕਣ ਕਰਨ ਅਤੇ ਫੈਸਲਾ ਲੈਣ ਵੇਲੇ ਆਈ.ਸੀ.ਬੀ. ਤੋਂ ਇਹ ਸਬੂਤ ਪ੍ਰਾਪਤ ਕਰਨ ਅਤੇ/ਜਾਂ ਇਸ 'ਤੇ ਵਿਚਾਰ ਕਰਨ ਦੀ ਉਮੀਦ ਕਰਨੀ ਉਚਿਤ ਹੁੰਦੀ, ਪਰ ਇਹ ਅਜਿਹਾ ਕਰਨ ਵਿੱਚ ਅਸਫਲ ਰਿਹਾ ਸੀ।

ਹੋਰ ਜਾਣਕਾਰੀ ਪ੍ਰਦਾਨ ਕਰਨ ਦਾ ਇਹ ਤੁਹਾਡਾ **ਅੰਤਿਮ** ਮੌਕਾ ਹੈ ਅਤੇ ਤੁਸੀਂ ਪ੍ਰਕਿਰਿਆ ਦੇ ਮਗਰਲੇ ਪੜਾਅ 'ਤੇ ਵਧੀਕ ਜਾਣਕਾਰੀ ਪੇਸ਼ ਨਹੀਂ ਕਰ ਸਕਦੇ।

ਆਈ.ਸੀ.ਬੀ. ਸਾਨੂੰ ਤੁਹਾਡੇ ਵੱਲੋਂ ਉਨ੍ਹਾਂ ਨੂੰ ਕੀਤੀਆਂ ਗਈਆਂ ਬੇਨਤੀਆਂ ਮੁਹੱਈਆ ਕਰਦਾ ਹੈ, ਇਸ ਲਈ ਤੁਹਾਨੂੰ ਇਨ੍ਹਾਂ ਨੂੰ ਸਾਨੂੰ ਭੇਜਣ ਦੀ **ਲੋੜ** ਨਹੀਂ ਹੈ। ਕਿਰਪਾ ਕਰਕੇ ਨਿਸ਼ਚਤ ਰਹੋ ਕਿ ਤੁਹਾਡੇ ਕੋਲ ਮੀਟਿੰਗ ਤੋਂ ਪਹਿਲਾਂ ਆਈ.ਸੀ.ਬੀ. ਵੱਲੋਂ ਸਾਨੂੰ ਭੇਜੀ ਗਈ ਜਾਣਕਾਰੀ ਦੀ ਸਮੀਖਿਆ ਕਰਨ ਅਤੇ ਪੈਨਲ ਵਿੱਚ ਤੁਹਾਡੀਆਂ ਕਿਸੇ ਵੀ ਚਿੰਤਾਵਾਂ ਨੂੰ ਜ਼ੁਬਾਨੀ ਤੌਰ 'ਤੇ ਉਜਾਗਰ ਕਰਨ ਦਾ ਮੌਕਾ ਹੋਵੇਗਾ।

ਆਈ.ਆਰ. ਲਈ ਬੇਨਤੀ ਕਰਨ ਲਈ ਉੱਪਰ ਦੱਸੀ ਗਈ ਪ੍ਰਕਿਰਿਆ ਦਾ ਉਦੇਸ਼ ਤੁਹਾਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ ਹੈ। ਜੇਕਰ ਤੁਹਾਨੂੰ ਪ੍ਰਕਿਰਿਆ ਦੇ ਕਿਸੇ ਵੀ ਪੱਖ ਬਾਰੇ ਮੁਸ਼ਕਿਲ ਹੋ ਰਹੀ ਹੈ, ਤਾਂ ਕਿਰਪਾ ਕਰਕੇ ਐੱਨ.ਐੱਚ.ਐੱਸ. ਇੰਗਲੈਂਡ ਵਿਖੇ ਤੁਹਾਡੀ ਬੇਨਤੀ ਦੀ ਪ੍ਰਕਿਰਿਆ ਲਈ ਜ਼ਿੰਮੇਵਾਰ ਪ੍ਰਬੰਧਕ ਨਾਲ ਸੰਪਰਕ ਕਰੋ। ਦਰਖ਼ਾਸਤ ਫਾਰਮ ਨਾਲ ਦਿੱਤੇ ਜਾਣ ਵਾਲੇ ਪੱਤਰ 'ਤੇ ਪ੍ਰਬੰਧਕ ਦਾ ਨਾਮ ਹੋਣਾ ਚਾਹੀਦਾ ਹੈ।

## ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣਾ

ਤੁਹਾਨੂੰ ਤੁਹਾਡੇ ਕੇਸ ਲਈ ਸਹਾਇਤਾ ਕਰਨ ਵਾਲੇ ਕੇਸ ਵਰਕਰ ਦੇ ਵੇਰਵੇ ਦਿੱਤੇ ਜਾਣਗੇ, ਜੋ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਸਕੇਗਾ। ਅਸੀਂ ਤੁਹਾਡੀ ਬੇਨਤੀ ਨੂੰ ਛੇਤੀ ਤੋਂ ਛੇਤੀ ਨਜਿੱਠਣ ਅਤੇ ਪ੍ਰਕਿਰਿਆ ਬਾਰੇ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਦੌਰਾਨ, ਕਿਰਪਾ ਕਰਕੇ ਨੋਟ ਕਰੋ ਕਿ ਪ੍ਰਕਿਰਿਆ ਵਿੱਚ ਆਮ ਤੌਰ 'ਤੇ ਤਿੰਨ ਤੋਂ ਛੇ ਮਹੀਨੇ ਲੱਗਦੇ ਹਨ, ਅਤੇ ਸਾਡੇ ਕੋਲ ਤਾਜ਼ਾ-ਜਾਣਕਾਰੀਆਂ ਲਈ ਬੇਨਤੀਆਂ ਦਾ ਜਵਾਬ ਦੇਣ ਦੀ ਸੀਮਤ ਸਮਰੱਥਾ ਹੈ।

## ਤੁਹਾਡੀ ਅਰਜ਼ੀ ਦੀ ਸਮੀਖਿਆ ਕਰਨੀ

ਅਸੀਂ ਤੁਹਾਡੇ ਦਰਖ਼ਾਸਤ ਫਾਰਮ ਅਤੇ ਆਈ.ਸੀ.ਬੀ. ਦੁਆਰਾ ਤਿਆਰ ਕੀਤੇ ਕੇਸ ਫਾਈਲ ਦੀ ਵਰਤੋਂ ਕਰਕੇ ਤੁਹਾਡੇ ਕੇਸ ਦਾ ਪੂਰਵ-ਦਰਸ਼ਨ (ਸਮੀਖਿਆ) ਕਰਦੇ ਹਾਂ। ਕੇਸ ਦੇ ਪੂਰਵ-ਦਰਸ਼ਨ ਦੇ ਕਈ ਸੰਭਾਵੀ ਨਤੀਜੇ ਹਨ ਜਿਨ੍ਹਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

- ਜੇਕਰ ਸਾਨੂੰ ਲੱਗਦਾ ਹੈ ਕਿ ਕੇਸ ਫਾਈਲ ਅਧੂਰੀ ਹੈ, ਤਾਂ ਅਸੀਂ ਆਈ.ਸੀ.ਬੀ. ਤੋਂ ਹੋਰ ਜਾਣਕਾਰੀ ਲਈ ਬੇਨਤੀ ਕਰਦੇ ਹਾਂ।
- ਜੇਕਰ ਆਈ.ਸੀ.ਬੀ. ਨੇ ਆਪਣੇ ਸ਼ੁਰੂਆਤੀ ਫੈਸਲੇ ਤੋਂ ਬਾਅਦ ਸਥਾਨਕ ਨਿਪਟਾਰੇ ਦੀ ਪੇਸ਼ਕਸ਼ ਨਹੀਂ ਕੀਤੀ, ਤਾਂ ਅਸੀਂ ਇਹ ਦੇਖਣ ਲਈ ਆਈ.ਸੀ.ਬੀ. ਨੂੰ ਕੇਸ ਵਾਪਸ ਕਰ ਦਿੰਦੇ ਹਾਂ ਕਿ ਕੀ ਉਹ ਆਈ.ਆਰ. ਦੀ ਲੋੜ ਤੋਂ ਬਿਨਾਂ ਤੁਹਾਡੀਆਂ ਚਿੰਤਾਵਾਂ ਨੂੰ ਹੱਲ ਕਰ ਸਕਦੇ ਹਨ।
- ਜੇਕਰ ਸਾਨੂੰ ਕੋਈ ਸ਼ੱਕ ਹੈ, ਤਾਂ ਅਸੀਂ ਇਸਦੀ ਸਮੀਖਿਆ ਕਰਨ ਲਈ ਇੱਕ ਆਈ.ਆਰ. ਪੈਨਲ ਬੁਲਾਉਣ ਬਾਰੇ ਸਲਾਹ ਲਈ ਤੁਹਾਡਾ ਕੇਸ ਇੱਕ ਸੁਤੰਤਰ ਚੇਅਰਪਰਸਨ ਲਈ ਨਿਯਤ ਕਰਦੇ ਹਾਂ।
- ਜੇਕਰ ਕੇਸ ਤਿਆਰ ਹੈ ਅਤੇ ਇੱਕ ਆਈ.ਆਰ. ਪੈਨਲ ਲਈ ਢੁਕਵਾਂ ਹੈ, ਤਾਂ ਅਸੀਂ ਪੈਨਲ ਦੀ ਮਿਤੀ ਨੂੰ ਨਿਯਤ ਕਰਨ ਦਾ ਪ੍ਰਬੰਧ ਕਰਦੇ ਹਾਂ।

ਅਸੀਂ ਕਿਸੇ ਖਾਸ ਕੇਸ ਲਈ ਆਈ.ਆਰ. ਪੈਨਲ ਬਣਾਉਣ ਜਾਂ ਨਾ ਬਣਾਉਣ ਬਾਰੇ ਸੁਤੰਤਰ ਚੇਅਰਪਰਸਨ ਤੋਂ ਸਲਾਹ ਲੈਣ ਲਈ 'ਸੋਚ-ਵਿਚਾਰ ਪ੍ਰਕਿਰਿਆ' ਦੀ ਵਰਤੋਂ ਕਰਦੇ ਹਾਂ। ਜੇਕਰ ਅਸੀਂ ਤੁਹਾਡੇ ਕੇਸ ਨੂੰ ਇਸ ਪ੍ਰਕਿਰਿਆ ਲਈ ਨਿਰਧਾਰਤ ਕਰਦੇ ਹਾਂ, ਤਾਂ ਇੱਕ ਸੁਤੰਤਰ ਚੇਅਰਪਰਸਨ ਅਤੇ ਸੁਤੰਤਰ ਕਲੀਨਿਕਲ ਸਲਾਹਕਾਰ ਤੁਹਾਡੇ ਦਰਖ਼ਾਸਤ ਫਾਰਮ ਅਤੇ ਕੇਸ ਫਾਈਲ ਦੀ ਸਮੀਖਿਆ ਕਰਦਾ ਹੈ।

ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਤੁਹਾਡੀਆਂ ਲੋੜਾਂ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਯੋਗਤਾ ਮਾਪਦੰਡ ਤੋਂ ਬਾਹਰ ਹਨ, ਜਾਂ ਤੁਹਾਡਾ ਕੇਸ ਆਈ.ਆਰ. ਪੈਨਲ ਲਈ ਵਿਚਾਰਨ ਲਈ ਬੇਹਦ ਸਪੱਸ਼ਟ ਤੌਰ 'ਤੇ ਉਚਿਤ ਨਹੀਂ ਹੈ, ਤਾਂ ਚੇਅਰਪਰਸਨ ਆਪਣੇ ਤਰਕ ਦੀ ਵਿਆਖਿਆ ਕਰਨ ਵਾਲੀ ਇੱਕ ਰਿਪੋਰਟ ਤਿਆਰ ਕਰਨਗੇ ਅਤੇ ਸਿਫ਼ਾਰਸ਼ ਕਰਨਗੇ ਕਿ ਅਸੀਂ ਇੱਕ ਪੈਨਲ ਨਾ ਬਣਾਈਏ। ਅਸੀਂ ਤੁਹਾਨੂੰ ਚੇਅਰਪਰਸਨ ਦੀ ਰਿਪੋਰਟ ਦੀ ਇੱਕ ਕਾਪੀ ਭੇਜਾਂਗੇ ਜਿਸ ਵਿੱਚ ਉਨ੍ਹਾਂ ਦੇ ਤਰਕ ਅਤੇ ਉਨ੍ਹਾਂ ਦੀ ਸਿਫ਼ਾਰਿਸ਼ ਬਾਰੇ ਦੱਸਾਂਗੇ ਕਿ ਅਸੀਂ ਪੈਨਲ ਨਾ ਬਣਾਈਏ।

ਹਾਲਾਂਕਿ, ਜੇਕਰ ਚੇਅਰਪਰਸਨ ਇਹ ਫੈਸਲਾ ਕਰਦੇ ਹਨ ਕਿ ਇੱਕ ਪੈਨਲ ਨੂੰ ਤੁਹਾਡੀ ਦੇਖਭਾਲ ਬਾਰੇ ਵਿਚਾਰ ਕਰਨਾ ਚਾਹੀਦਾ ਹੈ, ਤਾਂ ਅਸੀਂ ਪੈਨਲ ਦੀ ਮਿਤੀ ਨੂੰ ਨਿਸ਼ਚਿਤ ਕਰਨ ਦਾ ਪ੍ਰਬੰਧ ਕਰਾਂਗੇ।

## ਇੱਕ ਆਈ.ਆਰ. ਪੈਨਲ ਲਈ ਪ੍ਰਬੰਧ

**ਕਾਰਜ-ਕ੍ਰਮ ਨਿਯਤ ਕਰਨਾ**

ਅਸੀਂ ਆਈ.ਆਰ. ਪੈਨਲ ਦੀ ਮੀਟਿੰਗ ਲਈ ਇੱਕ ਮਿਤੀ ਨਿਰਧਾਰਤ ਕਰਦੇ ਹਾਂ।

**ਤੁਹਾਡੀ ਸ਼ਮੂਲੀਅਤ**

ਜੇ ਤੁਸੀਂ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੇ ਹਾਂ, ਜਾਂ ਤੁਸੀਂ ਲਿਖਤੀ ਰੂਪ ਵਿੱਚ ਆਪਣੇ ਵਿਚਾਰ ਰੱਖ ਸਕਦੇ ਹੋ।

ਸੀ.ਐੱਚ.ਸੀ. ਸੁਤੰਤਰ ਸਮੀਖਿਆ ਪੈਨਲਾਂ ਦਾ ਆਯੋਜਨ ਆਮ ਤੌਰ 'ਤੇ ਮਾਈਕ੍ਰੋਸੌਫ਼ਟ ਟੀਮਜ਼ 'ਤੇ ਔਨਲਾਈਨ (ਦੂਰ ਬੈਠਿਆਂ) ਕੀਤਾ ਜਾਂਦਾ ਹੈ। ਵਿਅਕਤੀ ਟੈਲੀਫ਼ੋਨ 'ਤੇ, ਆਹਮੋ-ਸਾਹਮਣੇ ਅਤੇ ਆਈ.ਆਰ.ਪੀਜ਼ ਦੀਆਂ ਹਾਈਬ੍ਰਿਡ ਕਿਸਮਾਂ ਲਈ ਬੇਨਤੀ ਕਰ ਸਕਦੇ ਹਨ ਅਤੇ ਐੱਨ.ਐੱਚ.ਐੱਸ. ਇੰਗਲੈਂਡ ਵੱਲੋਂ ਇਨ੍ਹਾਂ ਨੂੰ ਕੇਸ-ਦਰ-ਕੇਸ ਵਿਚਾਰਿਆ ਜਾਵੇਗਾ।

**ਵਿਸ਼ੇਸ਼ ਜ਼ਰੂਰਤਾਂ**

ਜੇਕਰ ਤੁਹਾਡੀਆਂ ਕੋਈ ਖਾਸ ਜ਼ਰੂਰਤਾਂ ਹਨ, ਉਦਾਹਰਨ ਲਈ: ਵ੍ਹੀਲਚੇਅਰ ਤੱਕ ਪਹੁੰਚ, ਜ਼ਮੀਨੀ ਮੰਜ਼ਿਲ ਜਾਂ ਲਿਫਟ, ਬ੍ਰੇਲ, ਬ੍ਰਿਟਿਸ਼ ਸੰਕੇਤ ਭਾਸ਼ਾ – ਤਾਂ ਕਿਰਪਾ ਕਰਕੇ ਸਾਨੂੰ ਛੇਤੀ ਤੋਂ ਛੇਤੀ ਅਤੇ ਪੈਨਲ ਮੀਟਿੰਗ ਤੋਂ ਘੱਟੋ-ਘੱਟ ਦੋ ਹਫ਼ਤੇ ਪਹਿਲਾਂ ਸੂਚਿਤ ਕਰੋ।

**ਕੇਸ ਫਾਈਲ ਦੀ ਤੁਹਾਡੀ ਕਾਪੀ**

ਆਈ.ਸੀ.ਬੀ. ਤੁਹਾਨੂੰ ਮੀਟਿੰਗ ਵਿੱਚ ਵਰਤੀ ਜਾਣ ਵਾਲੀ ਕੇਸ ਫਾਈਲ ਦੀ ਇੱਕ ਕਾਪੀ ਭੇਜਦਾ ਹੈ। ਜੇਕਰ ਫਾਈਲ ਮੀਟਿੰਗ ਦੀ ਮਿਤੀ ਤੋਂ ਦੋ ਹਫ਼ਤੇ ਪਹਿਲਾਂ ਨਹੀਂ ਪਹੁੰਚੀ ਹੈ, ਤਾਂ ਕਿਰਪਾ ਕਰਕੇ ਸਾਨੂੰ ਤੁਰੰਤ ਸੂਚਿਤ ਕਰੋ।

ਬਿਨੈਕਾਰ ਹੋਣ ਦੇ ਨਾਤੇ, ਤੁਹਾਨੂੰ ਆਈ.ਆਰ. ਪੈਨਲ ਵਿੱਚ ਹਾਜ਼ਰ ਹੋਣ ਦੀ ਲੋੜ ਨਹੀਂ ਹੈ, ਹਾਲਾਂਕਿ ਅਜਿਹਾ ਕਰਨ ਲਈ ਤੁਹਾਡਾ ਬਹੁਤ-ਬਹੁਤ ਸਵਾਗਤ ਕੀਤਾ ਜਾਂਦਾ ਹੈ। ਜੇਕਰ ਤੁਸੀਂ ਹਾਜ਼ਰ ਨਹੀਂ ਹੁੰਦੇ, ਤਾਂ ਤੁਹਾਡੇ ਵੱਲੋਂ ਆਈ.ਸੀ.ਬੀ. ਦੁਆਰਾ ਪ੍ਰਦਾਨ ਕੀਤੀ ਆਪਣੀ ਕੇਸ ਫਾਈਲ ਦੀ ਸਮੀਖਿਆ ਕਰਨ 'ਤੇ, ਅਸੀਂ ਤੁਹਾਡੇ ਮੁੱਖ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ ਸਵੀਕਾਰ ਕਰਾਂਗੇ ।

**ਸੋਲੀਸਟਰਾਂ ਦੀ ਹਾਜ਼ਰੀ**

ਕੁਝ ਲੋਕ ਆਈ.ਆਰ. ਪੈਨਲ ਦੀ ਮੀਟਿੰਗ ਵਿੱਚ ਆਪਣੇ ਵਕੀਲ ਵੱਜੋਂ ਕੰਮ ਕਰਨ ਲਈ ਇੱਕ ਸੋਲੀਸਟਰ ਨਿਯੁਕਤ ਕਰਨ ਦੀ ਚੋਣ ਕਰਦੇ ਹਨ। ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਇਹ ਮਹੱਤਵਪੂਰਨ ਹੈ ਕਿ ਉਨ੍ਹਾਂ ਨੂੰ ਇਹ ਪਤਾ ਹੋਵੇ ਕਿ ਆਈ.ਆਰ. ਪੈਨਲ ਮੀਟਿੰਗ ਇੱਕ ਕਾਨੂੰਨੀ ਪ੍ਰਕਿਰਿਆ ਨਹੀਂ ਹੈ। ਕਿਉਂਕਿ ਆਈ.ਆਰ. ਪੈਨਲ ਦੀ ਮੀਟਿੰਗ ਵਿੱਚ ਕਾਨੂੰਨੀ ਪੇਸ਼ੇਵਰਾਂ ਲਈ ਕੋਈ ਰਸਮੀ ਭੂਮਿਕਾ ਨਹੀਂ ਹੈ, ਇਸ ਲਈ ਐੱਨ.ਐੱਚ.ਐੱਸ. ਇੱਕ ਵਕੀਲ ਦੀ ਨਿਯੁਕਤੀ ਕਰਕੇ ਤੁਹਾਡੇ ਵੱਲੋਂ ਕੀਤੇ ਗਏ ਕਿਸੇ ਵੀ ਖਰਚੇ ਦੀ ਅਦਾਇਗੀ ਨਹੀਂ ਕਰਦਾ ਹੈ।

**ਕਾਰਜ-ਪ੍ਰਕਿਰਿਆਤਮਕ ਮੁੱਦਿਆਂ ਪ੍ਰਤੀ ਆਈ.ਆਰ. ਪੈਨਲ ਦੀ ਪਹੁੰਚ**

ਇਹ ਸਮਝਣਾ ਮਹੱਤਵਪੂਰਨ ਹੈ ਕਿ ਭਾਵੇਂ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਤੁਹਾਡਾ ਮੁਲਾਂਕਣ ਕੀਤੇ ਜਾਣ ਵੇਲੇ ਅਪਣਾਈ ਗਈ ਕਾਰਜ-ਪ੍ਰਕਿਰਿਆ ਕਰਕੇ ਸਮੱਸਿਆਵਾਂ ਪੈਦਾ ਹੋਈਆਂ ਸਨ, ਪਰ ਇਹ ਆਈ.ਆਰ. ਪੈਨਲ ਨੂੰ ਇਹ ਸਿਫ਼ਾਰਸ਼ ਕਰਨ ਦਾ ਕਾਰਨ ਨਹੀਂ ਬਣੇਗੀ ਕਿ ਤੁਸੀਂ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ, ਜਦੋਂ ਤੱਕ ਪੈਨਲ ਇਹ ਸਿੱਟਾ ਨਹੀਂ ਕੱਢਦਾ ਪਹਿਲਾਂ ਅਪਣਾਈ ਗਈ ਪ੍ਰਕਿਰਿਆ ਨੇ ਆਈ.ਸੀ.ਬੀ. ਨੂੰ ਨਿਰਪੱਖ ਅਤੇ ਠੋਸ ਫੈਸਲਾ ਲੈਣ ਤੋਂ ਰੋਕਿਆ ਸੀ।

ਇੱਕਮਾਤਰ ਅਧਾਰ ਜਿਸ 'ਤੇ ਆਈ.ਆਰ. ਪੈਨਲ ਇਹ ਸਿਫ਼ਾਰਸ਼ ਕਰ ਸਕਦਾ ਹੈ ਕਿ ਤੁਸੀਂ ਯੋਗਤਾ ਪੂਰੀ ਕਰਦੇ ਹੋ, ਜੇਕਰ ਇਹ ਇਸ ਬਾਰੇ ਫ਼ੈਸਲਾ ਕਰਦਾ ਹੈ ਕਿ ਨੈਸ਼ਨਲ ਫਰੇਮਵਰਕ ਵਿੱਚ ਦੱਸੇ ਸਿਧਾਂਤਾਂ ਦੇ ਅਨੁਸਾਰ ਤੁਹਾਡੀ 'ਮੁਢਲੀ ਸਿਹਤ ਲੋੜ' ਹੁੰਦੀ ਹੈ।

ਕੁਝ ਖਾਸ ਸਥਿਤੀਆਂ ਵਿੱਚ, ਜਿੱਥੇ ਸਾਨੂੰ ਲੱਗਦਾ ਹੈ ਕਿ ਕਾਰਜ-ਪ੍ਰਕਿਰਿਆਤਮਕ ਸਮੱਸਿਆਵਾਂ ਨੇ ਆਈ.ਸੀ.ਬੀ. ਨੂੰ ਇੱਕ ਮਜ਼ਬੂਤ ਫੈਸਲਾ ਲੈਣ ਤੋਂ ਰੋਕਿਆ ਸੀ, ਤੁਹਾਡੇ ਕੇਸ ਨੂੰ ਆਈ.ਸੀ.ਬੀ. ਨੂੰ ਵਾਪਸ ਭੇਜਿਆ ਜਾ ਸਕਦਾ ਹੈ।

ਜੇਕਰ ਤੁਹਾਡਾ ਕੇਸ ਆਈ.ਸੀ.ਬੀ. ਨੂੰ ਮੁਕੰਮਲ ਮੁੜ-ਮੁਲਾਂਕਣ ਲਈ ਵਾਪਸ ਭੇਜਿਆ ਜਾਂਦਾ ਹੈ, ਤਾਂ ਜੇਕਰ ਤੁਸੀਂ ਨਤੀਜੇ ਨਾਲ ਅਸਹਿਮਤ ਹੋ ਤਾਂ ਤੁਸੀਂ ਉਸ ਮੁੜ-ਮੁਲਾਂਕਣ ਦੇ ਇੱਕ ਵਧੀਕ ਆਈ.ਆਰ. ਲਈ ਅਰਜ਼ੀ ਦੇਣ ਦੇ ਹੱਕਦਾਰ ਹੋਵੋਗੇ।

**ਸਬੰਧਤ-ਦਿਨ 'ਤੇ ਕਾਰਵਾਈ**

ਆਈ.ਆਰ. ਪੈਨਲ ਵਿੱਚ ਸ਼ਾਮਲ ਹਨ:

- ਇੱਕ ਸੁਤੰਤਰ ਚੇਅਰਪਰਸਨ (ਕੋਈ ਵਿਅਕਤੀ ਜਿਸ ਨੂੰ ਐੱਨ.ਐੱਚ.ਐੱਸ. ਵੱਲੋਂ ਕੰਮ 'ਤੇ ਨਹੀਂ ਰੱਖਿਆ ਹੁੰਦਾ ਅਤੇ ਜੋ ਤੁਹਾਡੇ ਕੇਸ ਬਾਰੇ ਪਹਿਲਾਂ ਨਹੀਂ ਜਾਣਦਾ)
- ਇੱਕ ਆਈ.ਸੀ.ਬੀ. ਪ੍ਰਤੀਨਿਧੀ ਅਤੇ ਇੱਕ ਸੋਸ਼ਲ ਸਰਵਿਸਿਜ਼ ਅਥਾਰਟੀ ਦਾ ਪ੍ਰਤੀਨਿਧੀ, ਉਨ੍ਹਾਂ ਸੰਸਥਾਵਾਂ ਤੋਂ ਜੋ ਪਹਿਲਾਂ ਤੁਹਾਡੇ ਕੇਸ ਵਿੱਚ ਸ਼ਾਮਲ ਨਹੀਂ ਸਨ
- ਇੱਕ ਕਲੀਨਿਕਲ ਸਲਾਹਕਾਰ ਵੀ ਮੌਜੂਦ ਹੋ ਸਕਦਾ ਹੈ।

ਕਲੀਨਿਕਲ ਸਲਾਹਕਾਰ ਦੀ ਭੂਮਿਕਾ ਇਹ ਸਲਾਹ ਦੇਣ ਦੀ ਹੁੰਦੀ ਹੈ ਕਿ ਕੀ ਮੁਲਾਂਕਣਕਰਤਾਵਾਂ ਨੇ ਤੁਹਾਡੇ ਕਲੀਨਿਕਲ ਡਾਇਗਨੋਸਿਜ਼ ਦੇ ਸਬੰਧ ਵਿੱਚ ਤੁਹਾਡੀਆਂ ਲੋੜਾਂ ਦੀ ਸਹੀ ਵਿਆਖਿਆ ਕੀਤੀ ਹੈ। ਤੁਹਾਡੇ ਸ਼ੁਰੂਆਤੀ ਕਲੀਨਿਕਲ ਡਾਇਗਨੋਸਿਜ਼, ਪ੍ਰਬੰਧਨ, ਜਾਂ ਪੂਰਵ ਡਾਕਟਰੀ-ਅਨੁਮਾਨ ਬਾਰੇ ਦੂਜੀ ਰਾਏ ਮੁਹੱਈਆ ਕਰਨਾ ਉਨ੍ਹਾਂ ਦੀ ਭੂਮਿਕਾ ਨਹੀਂ ਹੈ।

ਸਮੀਖਿਆ ਪੈਨਲ ਦੀ ਕਾਰਜ-ਪ੍ਰਕਿਰਿਆ ਅਤੇ ਕੰਮਕਾਜ ਚੇਅਰਪਰਸਨ ਦਾ ਮਾਮਲਾ ਹੈ, ਜਿਸਨੂੰ ਨੈਸ਼ਨਲ ਫਰੇਮਵਰਕ ਵਿੱਚ ਵਰਣਿਤ ਪ੍ਰਕਿਰਿਆ ਦਾ ਲਾਜ਼ਮੀ ਧਿਆਨ ਰੱਖਣਾ ਚਾਹੀਦਾ ਹੈ। ਆਮ ਤੌਰ 'ਤੇ, ਅਸੀਂ ਉਮੀਦ ਕਰਦੇ ਹਾਂ ਕਿ ਮੀਟਿੰਗ ਦਾ ਖੁੱਲਾ ਸੈਸ਼ਨ ਇੱਕ ਘੰਟਾ ਚੱਲੇਗਾ।

ਖੁੱਲਾ ਸੈਸ਼ਨ ਪੈਨਲ ਦੇ ਮੈਂਬਰਾਂ ਨੂੰ ਮੁੱਖ ਧਿਰਾਂ ਦੇ ਵਿਚਾਰਾਂ ਤੱਕ ਪਹੁੰਚ ਕਰਨ ਦੇ ਸਮਰੱਥ ਬਣਾਉਂਦਾ ਹੈ ਜਿਸ ਵਿੱਚ ਵਿਅਕਤੀ, ਉਸ ਦਾ ਪਰਿਵਾਰ ਅਤੇ ਕੋਈ ਵੀ ਦੇਖਭਾਲਕਰਤਾ, ਸਿਹਤ ਅਤੇ ਸਮਾਜਿਕ ਸੇਵਾਵਾਂ ਦਾ ਸਟਾਫ਼, ਅਤੇ ਕੋਈ ਹੋਰ ਸਬੰਧਤ ਸੰਸਥਾਵਾਂ ਜਾਂ ਵਿਅਕਤੀ ਸ਼ਾਮਲ ਹਨ। ਪੈਨਲ ਨੇ ਖੁੱਲੇ ਸੈਸ਼ਨ ਤੋਂ ਪਹਿਲਾਂ ਸਾਰੇ ਲਿਖਤੀ ਸਬੂਤਾਂ ਦੀ ਸਮੀਖਿਆ ਕਰ ਲਈ ਹੋਵੇਗੀ ਪਰ ਸਥਿਤੀ ਨੂੰ ਸਪੱਸ਼ਟ ਕਰਨ ਲਈ ਹੋਰ ਜਾਣਕਾਰੀ ਦੀ ਮੰਗ ਕਰ ਸਕਦਾ ਹੈ।

ਇਸ ਤੋਂ ਇਲਾਵਾ, ਖੁੱਲ੍ਹਾ ਸੈਸ਼ਨ ਵਿਅਕਤੀ ਅਤੇ/ਜਾਂ ਉਨ੍ਹਾਂ ਦੇ ਪ੍ਰਤੀਨਿਧ ਦੇ ਨਾਲ-ਨਾਲ ਜ਼ਿੰਮੇਵਾਰ ਆਈ.ਸੀ.ਬੀ. ਨੂੰ ਜ਼ੁਬਾਨੀ ਜਾਂ ਲਿਖਤੀ ਰੂਪ ਵਿੱਚ ਆਪਣੇ ਵਿਚਾਰ ਰੱਖਣ ਦੇ ਸਮਰੱਥ ਬਣਾਉਂਦਾ ਹੈ।

ਖੁੱਲੇ ਸੈਸ਼ਨ ਦੇ ਸਮਾਪਤੀ ਸਮੇਂ, ਚੇਅਰਪਰਸਨ ਆਈ.ਆਰ. ਪੈਨਲ ਦੇ ਜਾਂਚ-ਨਤੀਜਿਆਂ ਅਤੇ ਸਿਫ਼ਾਰਸ਼ਾਂ ਦਾ ਵਰਣਨ ਕਰਨ ਵਾਲੀ ਰਿਪੋਰਟ ਤਿਆਰ ਕਰਨ ਲਈ ਤੈਅ-ਸ਼ੁਦਾ ਸਮਾਂ ਨਿਰਧਾਰਤ ਕਰਦੇ ਹਨ। ਫੇਰ ਤੁਹਾਨੂੰ ਅਤੇ ਆਈ.ਸੀ.ਬੀ. ਦੇ ਪ੍ਰਤੀਨਿਧੀ (ਉਸ ਆਈ.ਸੀ.ਬੀ. ਤੋਂ ਜਿਸਨੇ ਸ਼ੁਰੂਆਤੀ ਫੈਸਲਾ ਕੀਤਾ ਸੀ) ਨੂੰ ਮੀਟਿੰਗ ਤੋਂ ਜਾਣ ਲਈ ਕਿਹਾ ਜਾਂਦਾ ਹੈ।

ਆਈ.ਆਰ. ਪੈਨਲ ਫਿਰ ਤੁਹਾਡੇ ਕੇਸ 'ਤੇ ਨਿੱਜੀ ਤੌਰ 'ਤੇ ਵਿਚਾਰ ਕਰਦਾ ਹੈ ਅਤੇ ਆਪਣੀਆਂ ਸਿਫ਼ਾਰਸ਼ਾਂ ਬਾਰੇ ਫੈਸਲੇ 'ਤੇ ਪਹੁੰਚਦਾ ਹੈ।

## ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਕੌਣ ਯੋਗਤਾ ਪੂਰੀ ਕਰਦਾ ਹੈ

ਪੂਰੀ ਜਾਣਕਾਰੀ ਸਿਹਤ ਅਤੇ ਸਮਾਜਿਕ ਦੇਖਭਾਲ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਅਤੇ ਐੱਨ.ਐੱਚ.ਐੱਸ.-ਫੰਡ ਪ੍ਰਾਪਤ ਨਰਸਿੰਗ ਕੇਅਰ ਲਈ ਨੈਸ਼ਨਲ ਫਰੇਮਵਰਕ ਤੋਂ ਮਿਲਦੀ ਹੈ:

https://assets.publishing.service.gov.uk/government/uploads/system/uploads/attachment_data/file/746063/20181001_National_Framework_for_CHC_and_FNC_-_October_2018_Revised.pdf

## ਮੁੱਖ ਵਿਚਾਰਾਂ ਦਾ ਸਾਰ ਜੋ ਅਸੀਂ ਇਹ ਫੈਸਲਾ ਕਰਨ ਲਈ ਵਰਤਦੇ ਹਾਂ ਕਿ ਕੀ ਕਿਸੇ ਦੀ 'ਮੁਢਲੀ ਸਿਹਤ ਲੋੜ' ਹੈ

ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਕਿਸੇ ਖਾਸ ਬਿਮਾਰੀ, ਬਿਮਾਰੀ ਬਾਰੇ ਪਤਾ ਲਗਾਏ ਜਾਣ, ਜਾਂ ਸਿਹਤ-ਸਮੱਸਿਆ 'ਤੇ ਨਿਰਭਰ ਨਹੀਂ ਹੈ, ਅਤੇ ਇਹ ਇਸ ਗੱਲ 'ਤੇ ਨਿਰਭਰ ਨਹੀਂ ਹੈ ਕਿ ਦੇਖਭਾਲ ਕੌਣ ਪ੍ਰਦਾਨ ਕਰਦਾ ਹੈ ਜਾਂ ਵਿਅਕਤੀ ਕਿੱਥੇ ਰਹਿੰਦਾ ਹੈ। ਇਹ ਕੇਅਰ ਹੋਮ, ਨਰਸਿੰਗ ਵਾਲੇ ਕੇਅਰ ਹੋਮ ਜਾਂ ਕਿਸੇ ਵਿਅਕਤੀ ਦੇ ਆਪਣੇ ਘਰ ਵਿੱਚ ਮੁਹੱਈਆ ਕੀਤੀ ਜਾ ਸਕਦੀ ਹੈ।

ਯੋਗਤਾ ਇਸ ਗੱਲ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਕਿ ਕੀ ਕਿਸੇ ਵਿਅਕਤੀ ਨੂੰ ਮੁੱਖ ਤੌਰ 'ਤੇ ਸਮਾਜਿਕ ਦੇਖਭਾਲ ਅਤੇ ਰਿਹਾਇਸ਼ ਦੀ ਜ਼ਰੂਰਤ ਦੀ ਬਜਾਏ 'ਮੁਢਲੀ ਸਿਹਤ ਦੀ ਲੋੜ' ਹੈ, ਜਿਸ ਨੂੰ ਲੋਕਲ ਅਥਾਰਟੀ ਵੱਲੋਂ ਮੁਹੱਈਆ ਕਰਵਾਏ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ। ਨਰਸਿੰਗ (ਤੀਮਾਰਦਾਰੀ) ਦੇਖਭਾਲ ਦੀ ਲੋੜ ਹੋਣ ਨਾਲ ਇਹ ਜ਼ਰੂਰੀ ਨਹੀਂ ਹੈ ਕਿ ਕੋਈ ਵਿਅਕਤੀ ਐੱਨ.ਐੱਚ.ਐੱਸ. ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦਾ

ਹੈ।

'ਮੁਢਲੀ ਸਿਹਤ ਲੋੜ' ਦਾ ਮੁਲਾਂਕਣ ਵਿਅਕਤੀ ਦੀਆਂ **ਸਾਰੀਆਂ** ਦੇਖਭਾਲ ਲੋੜਾਂ ਬਾਰੇ ਵਿਸਥਾਰ ਵਿੱਚ ਵਿਚਾਰ ਕਰਕੇ ਅਤੇ ਉਨ੍ਹਾਂ ਨੂੰ ਚਾਰ ਮੁੱਖ ਵਿਸ਼ੇਸ਼ਤਾਵਾਂ ਨਾਲ ਜੋੜ ਕੇ ਕੀਤਾ ਜਾਂਦਾ ਹੈ:

- **ਕਿਸਮ:** ਇਹ ਕਿਸੇ ਵਿਅਕਤੀ ਦੀਆਂ ਲੋੜਾਂ (ਜਿਸ ਵਿੱਚ ਸਰੀਰਕ, ਮਾਨਸਿਕ ਸਿਹਤ ਜਾਂ ਮਨੋਵਿਗਿਆਨਕ ਲੋੜਾਂ ਸ਼ਾਮਲ ਹੋ ਸਕਦੀਆਂ ਹਨ) ਦੀਆਂ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਲੋੜਾਂ ਦੀ ਕਿਸਮ ਦਾ ਵਰਣਨ ਕਰਦੀ ਹੈ। ਇਹ ਉਨ੍ਹਾਂ ਲੋੜਾਂ ਦੇ ਵਿਅਕਤੀ ਉੱਤੇ ਸਮੁੱਚੇ ਪ੍ਰਭਾਵ ਦਾ ਵੀ ਵਰਣਨ ਕਰਦੀ ਹੈ, ਜਿਸ ਵਿੱਚ ਉਨ੍ਹਾਂ ਦੀ ਸੰਭਾਲ ਲਈ ਲੋੜੀਂਦੇ ਦਖਲਾਂ ਦੀ ਕਿਸਮ ('ਗੁਣਵੱਤਾ') ਵੀ ਸ਼ਾਮਲ ਹੈ।

- **ਤੀਬਰਤਾ:** ਇਹ ਲੋੜਾਂ ਦੀ ਹੱਦ ('ਮਿਕਦਾਰ') ਅਤੇ ਤੀਬਰਤਾ ('ਡਿਗਰੀ') ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਸਹਾਇਤਾ ਨਾਲ ਸਬੰਧਤ ਹੈ, ਜਿਸ ਵਿੱਚ ਨਿਰੰਤਰ/ਜਾਰੀ ਦੇਖਭਾਲ ('ਨਿਰੰਤਰਤਾ') ਦੀ ਲੋੜ ਵੀ ਸ਼ਾਮਲ ਹੈ।

- **ਜਟਿਲਤਾ:** ਜ਼ਰੂਰਤਾਂ ਕਿਵੇਂ ਸਾਹਮਣੇ ਆਉਂਦੀਆਂ ਹਨ ਅਤੇ ਪਰਸਪਰ-ਅਸਰ ਪਾਉਂਦੀਆਂ ਹਨ, ਇਹ ਲੱਛਣਾਂ ਦੀ ਨਿਗਰਾਨੀ ਕਰਨ, ਸਿਹਤ-ਸਮੱਸਿਆ(ਵਾਂ) ਦਾ ਇਲਾਜ ਕਰਨ ਅਤੇ/ਜਾਂ ਦੇਖਭਾਲ ਦਾ ਪ੍ਰਬੰਧ ਕਰਨ ਲਈ ਲੋੜੀਂਦੇ ਹੁਨਰ ਵਿੱਚ ਵਾਧਾ ਕਰਨ ਨਾਲ ਸਬੰਧਤ ਹੈ। ਇਹ ਇੱਕ ਇੱਕਲੀ ਸਿਹਤ-ਸਮੱਸਿਆ ਨਾਲ ਪੈਦਾ ਹੋ ਸਕਦੀ ਹੈ, ਜਾਂ ਇਸ ਵਿੱਚ ਕਈ ਸਿਹਤ-ਸਮੱਸਿਆਵਾਂ ਦੀ ਮੌਜੂਦਗੀ ਜਾਂ ਦੋ ਜਾਂ ਦੋ ਤੋਂ ਵੱਧ ਸਿਹਤ-ਸਮੱਸਿਆਵਾਂ ਦਰਮਿਆਨ ਪਰਸਪਰ ਪ੍ਰਭਾਵ ਸ਼ਾਮਲ ਹੋ ਸਕਦਾ ਹੈ। ਇਸ ਵਿੱਚ ਉਹ ਸਥਿਤੀਆਂ ਵੀ ਸ਼ਾਮਲ ਹੋ ਸਕਦੀਆਂ ਹਨ ਜਿੱਥੇ ਕਿਸੇ ਵਿਅਕਤੀ ਦੀ ਆਪਣੀ ਖੁਦ ਦੀ ਸਿਹਤ-ਸਮੱਸਿਆ ਪ੍ਰਤੀ ਪ੍ਰਤੀਕਿਰਿਆ ਉਨ੍ਹਾਂ ਦੀਆਂ ਸਮੁੱਚੀਆਂ ਲੋੜਾਂ 'ਤੇ ਪ੍ਰਭਾਵ ਪਾਉਂਦੀ ਹੈ, ਜਿਵੇਂ ਕਿ ਜਿੱਥੇ ਸਰੀਰਕ ਸਿਹਤ ਦੀ ਜ਼ਰੂਰਤ ਦੇ ਨਤੀਜੇ ਵੱਜੋਂ ਵਿਅਕਤੀ ਲਈ ਮਾਨਸਿਕ ਸਿਹਤ ਦੀ ਲੋੜ ਪੈਦਾ ਹੁੰਦੀ ਹੈ।

- **ਨਾ-ਅਨੁਮਾਨਯੋਗਤਾ:** ਇਹ ਉਸ ਹੱਦ ਦਾ ਵਰਣਨ ਕਰਦੀ ਹੈ ਜਿਸ ਵਿੱਚ ਲੋੜਾਂ ਵਿੱਚ ਉਤਰਾਅ-ਚੜ੍ਹਾਅ ਆਉਂਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਪ੍ਰਬੰਧਨ ਵਿੱਚ ਚੁਣੌਤੀਆਂ ਪੈਦਾ ਹੁੰਦੀਆਂ ਹਨ। ਢੁਕਵੀਂ ਅਤੇ ਸਮੇਂ ਸਿਰ ਦੇਖਭਾਲ ਮੁਹੱਈਆ ਨਾ ਕੀਤੇ ਜਾਣ ਕਰਕੇ ਇਹ ਵਿਅਕਤੀ ਦੀ ਸਿਹਤ ਲਈ ਜੋਖਮ ਦੇ ਪੱਧਰ ਨਾਲ ਵੀ ਸਬੰਧਤ ਹੁੰਦੀ ਹੈ। ਇੱਕ ਅਨਿਸ਼ਚਿਤ ਸਿਹਤ-ਸੰਭਾਲ ਜ਼ਰੂਰਤ ਵਾਲੇ ਵਿਅਕਤੀ ਦੀ ਜਾਂ ਤਾਂ ਇੱਕ ਉਤਰਾਅ-ਚੜ੍ਹਾਅ, ਅਸਥਿਰ ਜਾਂ ਫੇਰ ਤੇਜ਼ੀ ਨਾਲ ਵਿਗੜਦੀ ਸਿਹਤ-ਸਮੱਸਿਆ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਨ੍ਹਾਂ ਵਿੱਚੋਂ ਹਰ ਇੱਕ ਵਿਸ਼ੇਸ਼ਤਾ, ਇਕੱਲੇ ਜਾਂ ਸਾਂਝੇ ਤੌਰ ’ਤੇ, ਇੱਕ ਮੁਢਲੀ ਸਿਹਤ ਲੋੜ ਨੂੰ ਦਰਸਾ ਸਕਦੀ ਹੈ।

ਇਸ ਸਵਾਲ 'ਤੇ ਵੀ ਲਾਜ਼ਮੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਕੀ, ਸਮੁੱਚੇ ਤੌਰ ’ਤੇ ਲਏ ਜਾਣ ’ਤੇ, ਵਿਅਕਤੀ ਲਈ ਲੋੜੀਂਦੀਆਂ ਤੀਮਾਰਦਾਰੀ ਜਾਂ ਹੋਰ ਸਿਹਤ ਸੇਵਾਵਾਂ ਉਸ ਕਿਸਮ ਦੀਆਂ ਹਨ ਜੋ ਲੋਕਲ ਅਥਾਰਟੀ ਵੱਲੋਂ ਕਾਨੂੰਨੀ ਤੌਰ 'ਤੇ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ। ਜੇਕਰ ਉਹ ਨਹੀਂ ਕੀਤੀਆਂ ਜਾਂਦੀਆਂ, ਤਾਂ ਇਹ 'ਮੁਢਲੀ ਸਿਹਤ ਦੀ ਲੋੜ' ਨੂੰ ਦਰਸਾਏਗਾ।

## ਤੁਹਾਡੇ ਨਿੱਜੀ ਡੇਟਾ ਦਾ ਕੀ ਹੁੰਦਾ ਹੈ?

**ਗੁਪਤਤਾ ਨੋਟਿਸ**

ਸਾਡਾ ਗੁਪਤਤਾ ਨੋਟਿਸ – https://www.england.nhs.uk/contact-us/privacy-notice/ – ਦੱਸਦਾ ਹੈ ਕਿ ਅਸੀਂ ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕਰਦੇ ਹਾਂ ਅਤੇ ਦੱਸਦਾ ਹੈ ਕਿ ਤੁਸੀਂ ਸਾਡੇ ਨਾਲ ਕਿਵੇਂ ਸੰਪਰਕ ਕਰ ਸਕਦੇ ਹੋ ਅਤੇ ਡੇਟਾ ਸਬਜੈਕਟ ਵੱਜੋਂ ਕਿਵੇਂ ਆਪਣੇ ਅਧਿਕਾਰਾਂ ਦੀ ਮੰਗ ਕਰ ਸਕਦੇ ਹੋ। ਅਸੀਂ ਡੇਟਾ ਪ੍ਰੋਟੈਕਸ਼ਨ ਐਕਟ 2018 ਦੀਆਂ ਲੋੜਾਂ ਦੇ ਅਨੁਸਾਰ ਤੁਹਾਡੀ ਜਾਣਕਾਰੀ ਨੂੰ ਪ੍ਰਕਿਰਿਆ-ਬੱਧ ਕਰਾਂਗੇ।

ਜੇਕਰ ਤੁਹਾਡੇ ਕੋਲ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਬੰਧਤ ਖੇਤਰੀ ਟੀਮ ਨਾਲ ਸੰਪਰਕ ਕਰੋ: https://www.england.nhs.uk/healthcare/

ਜੇਕਰ ਤੁਹਾਡੇ ਕੋਲ ਡੇਟਾ ਸੁਰੱਖਿਆ ਨਾਲ ਸਬੰਧਤ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਡੇਟਾ ਸੁਰੱਖਿਆ ਦਫ਼ਤਰ ਨਾਲ ਸੰਪਰਕ ਕਰੋ: {england.dpo@nhs.net

ਤੁਹਾਡੇ ਕੋਲ ਸੂਚਨਾ ਕਮਿਸ਼ਨਰ ਦੇ ਦਫ਼ਤਰ ਕੋਲ ਡੇਟਾ ਸੁਰੱਖਿਆ ਮੁੱਦਿਆਂ ਬਾਰੇ ਸਾਡੇ ਵਿਰੁੱਧ ਸ਼ਿਕਾਇਤ ਕਰਨ ਦਾ ਅਧਿਕਾਰ ਹੈ: https://ico.org.uk/make-a-complaint/

NHS England
Skipton House
80 London Road
London
SE1 6LH

ਸੰਪਰਕ: enquiries@england.nhs.uk

ਇਸ ਪ੍ਰਕਾਸ਼ਨ ਨੂੰ ਬੇਨਤੀ ਕਰਨ 'ਤੇ ਕਈ ਵਿਕਲਪਿਕ ਫਾਰਮੇਟਾਂ ਵਿੱਚ ਉਪਲਬਧ ਕਰਵਾਇਆ ਜਾ ਸਕਦਾ ਹੈ।

© ਐੱਨ.ਐੱਚ.ਐੱਸ. ਇੰਗਲੈਂਡ 2022 | PAR1381